ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ,
ਪੰਜਾਬ ਰਾਜ।

ਨੰ: ਪਸਸਬ............696............ ਸ.ਸ.ਕਸ. ਮਿਤੀ ..........5/2/2015.......... ਐਸ.ਏ.ਐਸ.ਨਗਰ

**ਵਿਸ਼ਾ :- ਦਸਵੀਂ/ਬਾਰ੍ਹਵੀਂ ਸ਼੍ਰੇਣੀ ਫਰਵਰੀ/ਮਾਰਚ 2015 ਦੀ ਸਲਾਨਾ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖਣ ਅਤੇ ਪ੍ਰੀਖਿਆ ਵਾਲੇ ਦਿਨ ਬੈਂਕ ਤੋਂ ਪ੍ਰਾਪਤ ਕਰਨ ਸਬੰਧੀ।**

**ਸ੍ਰੀਮਾਨ ਜੀ,**

1. ਦਸਵੀਂ /ਬਾਰ੍ਹਵੀਂ ਸ਼੍ਰੇਣੀ ਫਰਵਰੀ/ਮਾਰਚ 2015 ਦੀ ਸਲਾਨਾ ਪ੍ਰੀਖਿਆ ਮਿਤੀ 28-02-2015 ਤੋਂ 06-04-2015 ਤੱਕ ਨਾਲ ਨੱਥੀ ਡੇਟਸ਼ੀਟ ਅਨੁਸਾਰ ਕਰਵਾਈ ਜਾ ਰਹੀ ਹੈ।
2. ਬੋਰਡ ਵੱਲੋਂ ਨਿਯੁਕਤ ਟੀਮਾਂ ਬਾਰ੍ਹਵੀਂ ਸ਼੍ਰੇਣੀ ਦੇ ਪ੍ਰਸ਼ਨ-ਪੱਤਰ ਮਿਤੀ 17-02-2015 ਨੂੰ ਮੁੱਖ ਦਫਤਰ ਤੋਂ ਲੈ ਕੇ ਆਉਣਗੀਆਂ ਅਤੇ ਮਿਤੀ 18-02-2015 ਤੋਂ 19-02-2015 ਤੱਕ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਨੂੰ ਪ੍ਰਸ਼ਨ-ਪੱਤਰ ਪ੍ਰਾਪਤ ਕਰਵਾਕੇ ਬੈਂਕ ਵਿੱਚ ਰਖਵਾਉਣਗੀਆਂ। ਪ੍ਰਸ਼ਨ-ਪੱਤਰ ਪ੍ਰਾਪਤ ਕਰਨ ਵਾਲਾ ਅਧਿਕਾਰੀ ਸਕੂਲ ਦੇ ਲੈਟਰ ਪੈਡ ਉੱਪਰ ਕੀਤੇ ਹਸਤਾਖਰ ਅਤੇ ਸ਼ਨਾਖਤੀ ਕਾਰਡ ਬੈਂਕ ਵਿੱਚ ਪੇਸ਼ ਕਰੇਗਾ।
3. ਇਸੇ ਤਰਾਂ ਬੋਰਡ ਵੱਲੋਂ ਨਿਯੁਕਤ ਟੀਮਾਂ ਦਸਵੀਂ ਸ਼੍ਰੇਣੀ ਦੇ ਪ੍ਰਸ਼ਨ-ਪੱਤਰ ਮਿਤੀ 10-03-2015 ਨੂੰ ਲੈਕੇ ਆਉਣਗੀਆਂ ਅਤੇ ਮਿਤੀ 11-03-2015 ਤੋਂ 13-03-2015 ਤੱਕ ਕੇਂਦਰ ਕੰਟਰੋਲਰਜ਼ ਨੂੰ ਪ੍ਰਸ਼ਨ-ਪੱਤਰ ਪ੍ਰਾਪਤ ਕਰਵਾਕੇ ਬੈਂਕ ਵਿੱਚ ਰਖਵਾਉਣਗੀਆਂ।
4. ਪ੍ਰੀਖਿਆਵਾਂ ਸ਼ੁਰੂ ਹੋਣ ਤੇ ਇਹ ਅਧਿਕਾਰੀ ਹੀ ਸਵੇਰ ਅਤੇ ਸ਼ਾਮ ਦੇ ਪ੍ਰਸ਼ਨ ਪੱਤਰ ਡੇਟਸ਼ੀਟ ਅਨੁਸਾਰ ਪ੍ਰੀਖਿਆ ਵਾਲੇ ਦਿਨ ਸਵੇਰੇ 8:00 ਵਜੇ ਤੋਂ 9:00 ਵਜੇ ਤੱਕ ਸ਼ਨਾਖਤੀ ਪੱਤਰ (**Identity Card**) ਪੇਸ਼ ਕਰਕੇ ਆਪਣੇ ਹਸਤਾਖਰਾਂ ਹੇਠ ਪ੍ਰਾਪਤ ਕਰੇਗਾ।
5. ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੇ ਪ੍ਰਸ਼ਨ-ਪੱਤਰ ਇੱਕ ਹੀ ਟਰੰਕ ਵਿੱਚ ਰੱਖੇ ਜਾਣਗੇ।
6. ਪ੍ਰਸ਼ਨ ਪੱਤਰ ਡੇਟ ਸ਼ੀਟ ਅਨੁਸਾਰ ਉਸੇ ਵਿਸ਼ੇ ਦਾ ਪ੍ਰਾਪਤ ਕੀਤਾ ਜਾਵੇ ਅਤੇ ਬੈਂਕ ਤੋਂ ਰਸੀਦ ਵੀ ਲਈ ਜਾਵੇ।
7. ਕੇਂਦਰ ਕੰਟਰੋਲਰ ਪ੍ਰੀਖਿਆ ਕੇਂਦਰ ਵਿੱਚ ਪ੍ਰਸ਼ਨ-ਪੱਤਰ 9:30 ਵਜੇ ਤੱਕ ਪਹੁੰਚਾਉਣਾ ਯਕੀਨੀ ਬਣਾਏਗਾ।
8. ਇਸ ਕਾਰਜ ਲਈ ਆਪ ਜੀ ਦੇ ਸਹਿਯੋਗ ਦੀ ਸਖਤ ਜਰੂਰਤ ਹੈ। ਕਿਸੇ ਵੀ ਤਰਾਂ ਦੀ ਜਾਣਕਾਰੀ ਲਈ ਫੋਨ ਨੰ- 0172-3047328, 320,321 ਤੇ ਸੰਪਰਕ ਕੀਤਾ ਜਾਵੇ।

**ਨੱਥੀ :- ਡੇਟਸ਼ੀਟ**

ਸਹਾਇਕ ਸਕੱਤਰ (ਕੰਡਕਟ)
ਵਾਸਤੇ ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

ਉਤਾਰਾ :- ਸਮੂਹ ਜਿਲ੍ਹਾ ਸਿੱਖਿਆ ਅਫਸਰ/ਮੈਨੇਜਰ, ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਸਕੱਤਰ (ਕੰਡਕਟ)
ਵਾਸਤੇ ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ